بِسْمِ اللّٰہِ الرَّحْمٰنِ الرَّحِیْمِ نَحْمَدُہٗ وَنُصَلِّیْ عَلٰی رَسُوْلِہِ الْکَرِیْمِ وَعَلٰی عَبْدِہِ الْمَسِیْحِ الْمَوْعُوْدِ
لَا اِلٰہَ اِلَّا اللّٰہُ مُحَمَّدٌ رَّسُوْلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵਡਿੱਆਈ ਦਾ ਬਿਆਨ ਅਹਮਦੀਆਂ ਨੂੰ ਪਾਕਿਸਤਾਨ, ਬਰਕੀਨਾ ਫ਼ਾਸੋ ਅਤੇ ਬੰਗਲਾਦੇਸ਼ ਲਈ ਦੁਆਵਾਂ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 17 ਮਾਰਚ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੁ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼ ਅਤੇ ਸੂਰਾਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਪਿਛਲੇ ਕੁਝੱ ਹਫ਼ਤਿਆਂ ਤੋਂ ਕੁਰਆਨ ਸ਼ਰੀਫ਼ ਦੇ ਗੁਣਾਂ ਅਤੇ ਸਥਾਨ ਦਾ ਜ਼ਿਕਰ ਹੋ ਰਿਹਾ ਹੈ। ਕੁਰਆਨ ਸ਼ਰੀਫ਼ ਦੇ ਨਜ਼ਦੀਕ ਧਰਮ ਦਾ ਸਥਾਨ ਕੀ ਹੈ ਅਤੇ ਮਨੁੱਖੀ ਅੰਗਾਂ'ਤੇ ਇਸ ਦਾ ਕੀ ਪ੍ਰਭਾਵ ਹੈ ਅਤੇ ਹੋਣਾ ਚਾਹੀਦਾ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇੰਜੀਲ ਨੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ। ਕਿਉਂਕਿ ਇੰਜੀਲ ਹਿਕਮਤ ਦੇ ਤਰੀਕੀਆਂ ਤੋਂ ਦੂਰ ਹੈ। ਪਰ ਕੁਰਆਨ ਸ਼ਰੀਫ਼ ਵਿਸਥਾਰਪੂਰਵਕ ਵਾਰ ਵਾਰ ਇਸ ਮਸਲੇ ਨੂੰ ਹਲੱ ਕਰਦਾ ਹੈ ਕਿ ਧਰਮ ਦਾ ਇਹ ਸਥਾਨ ਨਹੀਂ ਹੈ ਕਿ ਮਨੁੱਖਾਂ ਦੇ ਕੁਦਰਤੀ ਅੰਗਾਂ ਨੂੰ ਤਬਦੀਲ ਕਰੇ ਅਤੇ ਭੇਡੂ ਨੂੰ ਬਕਰੀ ਬਣਾ ਕੇ ਵਿਖਾਏ। ਅਰਥਾਤ ਸ਼ਕਤੀਸ਼ਾਲੀ ਨੂੰ ਕਮਜ਼ੋਰ ਬਣਾ ਕੇ ਵਿਖਾਏ। ਸਗੋਂ ਧਰਮ ਇਹ ਹੈ ਕਿ ਜੋ ਅੰਗ ਮਨੁਖੱ ਅੰਦਰ ਕੁਦਰਤੀ ਹਨ। ਜੋ ਗੁਣ ਅਤੇ ਤਾਕਤਾਂ ਹਨ। ਉਨ੍ਹਾਂ ਨੂੰ ਆਪਣੇ ਮੌਕੇ'ਤੇ ਲਾਉਣ ਲਈ ਮਾਰਗ ਦਰਸ਼ਨ ਕਰੇ। ਧਰਮ ਦਾ ਇਹ ਹਕੱ ਨਹੀਂ ਕਿ ਕਿਸੇ ਕੁਦਰਤੀ ਤਾਕਤ ਨੂੰ ਬਦਲੇ। ਸਗੋਂ ਸਾਰੀਆਂ ਤਾਕਤਾਂ ਦੀ ਵਰਤੋਂ ਲਈ ਵਸੀਅਤ ਕਰੇ। ਅਸਲ ਉਦੇਸ਼ ਦਰੁਸਤੀ ਅਤੇ ਅੱਗੇ ਵਧੱਣਾ ਹੈ ਅਤੇ ਇਹ ਉਦੇਸ਼ ਜਿਵੇਂ ਵੀ ਪੂਰਾ ਹੋਵੇ। ਉਸ ਦੀ ਕੋਸ਼ਿਸ਼ ਕਰਨੀ ਚਾਹੀਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਗਲੱ ਸੱਚੀ ਹੈ ਕਿ ਮੁਸਲਮਾਨ ਕੁਰਆਨ ਸ਼ਰੀਫ਼ ਨੂੰ ਬਿਲਕੁਲੱ ਨਹੀਂ ਸਮਝਦੇ। ਪਰ ਹੁਣ ਰਬੱ ਦਾ ਇਰਾਦਾ ਹੈ ਕਿ ਸਹੀ ਅਰਥ ਕੁਰਆਨ ਸ਼ਰੀਫ਼ ਦੇ ਪ੍ਰਕਟ ਕਰੇ। ਰਬੱ ਨੇ ਮੈਨੂੰ ਇਸੇ ਲਈ ਭੇਜਿਆ ਹੈ ਅਤੇ ਮੈਂ ਉਸ ਦੇ ਇਲਹਾਮ ਅਤੇ ਵਹੀ ਤੋਂ ਕੁਰਆਨ ਸ਼ਰੀਫ਼ ਨੂੰ ਸਮਝਦਾ ਹਾਂ। ਕੁਰਆਨ ਸ਼ਰੀਫ਼ ਦੀ ਅਜੀਹੀ ਸਿਖਿੱਆ ਹੈ ਕਿ ਉਸ'ਤੇ ਕੋਈ ਦੋਸ਼ ਨਹੀ ਲਗੱ ਸਕਦਾ ਅਤੇ ਗਿਆਨ ਨਾਲ ਭਰੀ ਹੈ ਕਿ ਇਕੱ ਫ਼ਲਾਸਫ਼ ਨੂੰ ਵੀ ਆਰੋਪ ਦਾ ਮੌਕਾ ਨਹੀਂ ਮਿਲਦਾ। ਫ਼ਿਰ ਕੁਰਆਨ ਦੀ ਵਡਿੱਆਈ ਬਿਆਨ ਕਰਦੇ ਹੋਏ। ਆਪ ਜਮਾਅਤ ਨੂੰ ਨਸੀਹਤ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼'ਤੇ ਧਿਆਨ ਦਿਓ। ਇਸ'ਚ ਨੇਕੀਆਂ ਅਤੇ ਬਦੀਆਂ ਦੀ ਵਿਆਖਿਆ ਹੈ ਅਤੇ ਅੱਗੇ ਦੀਆਂ ਖ਼ਬਰਾਂ ਹਨ। ਇਹ ਉਹ ਧਰਮ ਪੈਸ਼ ਕਰਦਾ ਹੈ। ਜਿਸ'ਤੇ ਕੋਈ ਦੋਸ਼ ਨਹੀਂ ਹੋ ਸਕਦਾ। ਕਿਉਂਕਿ ਇਸ ਦੀਆਂ ਬਰਕਤਾਂ ਅਤੇ ਫ਼ਲ਼ ਤਾਜ਼ੇ ਮਿਲਦੇ ਹਨ। ਇਹ ਮਾਣ ਕੁਰਆਨ ਸ਼ਰੀਫ਼ ਨੂੰ ਹੀ ਹੈ ਕਿ ਰਬੱ ਨੇ ਹਰ ਬਿਮਾਰੀ

ਦਾ ਇਲਾਜ ਇਸ'ਚ ਦੱਸਿਆ। ਸਾਰੇ ਅੰਗਾਂ ਦੀ ਦੇਖ-ਰੇਖ ਕੀਤੀ ਅਤੇ ਜੋ ਬੁਰਾਈ ਪ੍ਰਕਟ ਕੀਤੀ ਹੈ। ਉਸ ਦੇ ਦੂਰ ਕਰਨ ਦਾ ਢੰਗ ਵੀ ਦਸਿੱਆ ਹੈ। ਇਸੇ ਲਈ ਕੁਰਆਨ ਸ਼ਰੀਫ਼ ਦਾ ਪਾਠ ਕਰਦੇ ਰਹੋ। ਦੁਆ ਕਰਦੇ ਰਹੋ ਅਤੇ ਆਪਣੇ ਚਾਲ ਚਲਣ ਨੂੰ ਉਸ ਦੀ ਸਿਖਿੱਆ ਦੇ ਹੇਠਾਂ ਰਖੱਣ ਦੀ ਕੋਸ਼ਿਸ਼ ਕਰੋ।

ਕੁਰਆਨ ਸ਼ਰੀਫ਼'ਤੇ ਗੌਰ ਕਰਨ ਵਲੱ੍ ਧਿਆਨ ਦੁਆਂਦੇ ਹੋਏ। ਆਪ ਫ਼ਰਮਾਉਂਦੇ ਹਨ ਕਿ ਰਸਮ ਅਤੇ ਬੁਰੀ ਆਦਤਾਂ ਤੋਂ ਬਚਣਾ ਚੰਗਾ ਹੈ। ਇਸ ਨਾਲ ਹੌਲੀ ਹੌਲੀ ਸ਼ਰੀਅਤ'ਚ ਤਬਦੀਲੀਆਂ ਸ਼ੁਰੂ ਹੋ ਜਾਂਦੀਆਂ ਹਨ। ਚੰਗਾ ਢੰਗ ਇਹ ਹੈ ਕਿ ਅਜੀਹੇ ਵਜ਼ੀਫ਼ੀਆਂ'ਚ ਜੋ ਸਮਾਂ ਉਸ ਨੇ ਲਾਉਣਾ ਹੈ। ਉਹੀ ਕੁਰਆਨ ਸ਼ਰੀਫ਼'ਤੇ ਗੌਰ ਕਰਨ'ਤੇ ਲਾਵੇ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਬੂਰੀ ਆਦਤਾਂ ਤੋਂ ਸਾਨੂੰ ਬਚਣਾ ਚਾਹੀਦਾ ਹੈ ਅਤੇ ਕੁਰਆਨ ਸ਼ਰੀਫ਼ ਦਾ ਅਨੁਵਾਦ ਅਤੇ ਵਿਆਖ਼ਿਆ ਪੜ੍ਹਣ ਵਲੱ੍ ਬਹੁਤ ਧਿਆਨ ਦੇਣਾ ਚਾਹੀਦਾ ਹੈ। ਅਗਲੇ ਹਫ਼ਤੇ ਰਮਜ਼ਾਨ ਵੀ ਸ਼ੁਰੂ ਹੋ ਰਿਹਾ ਹੈ। ਸੋ ਇਸ ਰਮਜ਼ਾਨ'ਚ ਖ਼ਾਸ ਤੌਰ'ਤੇ ਸਾਨੂੰ ਕੁਰਆਨ ਸ਼ਰੀਫ਼ ਪੜ੍ਹਣ, ਪੜ੍ਹਾਉਣ ਅਤੇ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਦਿਲ੍ਹ ਦੀ ਸਖ਼ਤੀ ਨੂੰ ਨਰਮ ਕਰਨ ਲਈ ਇਹੀ ਢੰਗ ਹੈ ਕਿ ਕੁਰਆਨ ਸ਼ਰੀਫ਼ ਨੂੰ ਹੀ ਵਾਰ ਵਾਰ ਪੜ੍ਹਣ। ਜਿੱਥੇ ਜਿੱਥੇ ਦੁਆ ਹੁੰਦੀ ਹੈ। ਉੱਥੇ ਮੋਮਿਨ ਦਾ ਵੀ ਦਿਲ੍ਹ ਚਾਹੁੰਦਾ ਹੈ ਕਿ ਇਹੀ ਰੱਬੀ ਕਿਰਪਾ ਮੇਰੇ ਨਾਲ ਵੀ ਹੋਵੇ। ਕੁਰਆਨ ਸ਼ਰੀਫ਼ ਦੀ ਮਿਸਾਲ ਇਕੱ ਬਾਗ਼ ਦੀ ਹੈ ਕਿ ਇਕੱ ਸਥਾਨ ਤੋਂ ਫ਼ੁਲ੍ਹ ਚੁਣਦਾ ਹੈ। ਫ਼ਿਰ ਅੱਗੇ ਚਲ੍ਹ ਕੇ ਹੋਰ ਕਿਸਮ ਦਾ ਚੁਣਦਾ ਹੈ। ਸੋ ਚਾਹੀਦਾ ਹੈ ਕਿ ਹਰ ਸਥਾਨ ਦੇ ਅਨੁਸਾਰੀ ਲਾਭ ਚੁਕੱਣ। ਇਸ ਨਾਲ ਰੂਹਾਨੀ ਤਰੱਕੀ ਹੁੰਦੀ ਹੈ ਕਿ ਮਨੁਖੱ ਆਦੇਸ਼ਾਂ ਅਤੇ ਮਨਾਹੀਆਂ ਨੂੰ ਆਪਣੇ ਉਪੱਰ ਲਾਗੂ ਕਰੇ। ਜੋ ਹੁਕਮ ਰਬੱ ਨੇ ਦਿੱਤੇ ਹਨ। ਉਹ ਕਰੇ ਅਤੇ ਜਿਨ੍ਹਾਂ ਤੋਂ ਰੋਕਾ ਹੈ। ਉਨ੍ਹਾਂ ਤੋਂ ਰੁਕਣ ਦੀ ਕੋਸ਼ਿਸ਼ ਕਰੇ। ਇਹੀ ਫ਼ੁਲ੍ਹ ਹਨ। ਜੋ ਮਨੁਖੱ ਇਸ ਬਾਗ਼ ਤੋਂ ਚੁਣਦਾ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਸਹਾਬਾ ਰਜ਼ੀ ਅੱਲਾਹ ਅੰਹੁਮਾ ਹਦੀਸਾਂ ਨੂੰ ਕੁਰਆਨ ਸ਼ਰੀਫ਼ ਤੋਂ ਘਟੱ ਦਰਜੇ'ਤੇ ਮੰਨਦੇ ਸਨ। ਫ਼ਰਮਾਇਆ ਇਹ ਵੀ ਯਾਦ ਰੱਖੋ ਕਿ ਹਦੀਸਾਂ ਭਾਵੇ ਬਾਦ'ਚ ਇਕਤੱਰ ਕੀਤੀਆਂ ਗਈਆਂ। ਪਰ ਕਈ ਵਾਰ ਕੁਝੱ ਸਹਾਬੀ ਲਿਖੱ ਵੀ ਲੈਂਦੇ ਸਨ। ਇਕੱ ਵਾਰ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਕਿਸੇ ਮਾਮਲੇ'ਤੇ ਫ਼ੈਸਲਾ ਕਰਨ ਲੱਗੇ। ਤਾਂ ਇਕੱ ਬੁੱਢੀ ਔਰਤ ਨੇ ਕਿਹਾ ਕਿ ਹਦੀਸ'ਚ ਇਹ ਲਿਖਿੱਆ ਹੈ। ਪਰ ਆਪ ਰਜ਼ੀ ਅੱਲਾਹ ਅੰਨਹੋ ਨੇ ਫ਼ਰਮਾਇਆ ਕਿ ਮੈਂ ਇਕੱ ਬੁਢਿੱਆਂ ਲਈ ਕੁਰਆਨ ਸ਼ਰੀਫ਼ ਨੂੰ ਛਡੱ ਨਹੀਂ ਸਕਦਾ। ਸੋ ਹਕੀਕਤ ਇਹੀ ਹੈ। ਇਸੇ ਨੂੰ ਸਾਨੂੰ ਲੈਣਾ ਚਾਹੀਦਾ ਹੈ। ਜੇਕਰ ਇਹ ਨਹੀਂ ਹੋਵੇਗਾ। ਤਾਂ ਬੁਰੀ ਆਦਤਾਂ ਫ਼ੈਲਦੀਆ ਚਲਿਆਂ ਜਾਣਗੀਆਂ ਅਤੇ ਇਸੇ ਕਰਕੇ ਮੁਸਲਮਾਨਾਂ'ਚ ਬੂਰੀ ਆਦਤਾਂ ਫ਼ੈਲਦੀ ਜਾ ਰਹੀਆਂ ਹਨ ਅਤੇ ਕੁਰਆਨ ਸ਼ਰੀਫ਼ ਦੀ ਅਸਲ ਸਿਖਿੱਆ'ਤੋਂ ਦੂਰ ਕਰ ਰਹੀਆਂ ਹਨ। ਆਮ ਮੁਸਲਮਾਨ ਤਾਂ ਅਣਪੜ੍ਹ ਹਨ। ਮੌਲਵੀ ਉਨ੍ਹਾਂ ਨੂੰ ਜਿੱਥੇ ਲੈ ਜਾਂਦੇ ਹਨ ਉਹ ਤੁਰ ਪੈਂਦੇ ਹਨ ਅਤੇ ਬੁਰੀ ਆਦਤਾਂ ਫ਼ੈਲ੍ਹ ਰਹੀਆਂ ਹਨ। ਪਰ ਇਸ ਦੇ ਬਾਦ ਵੀ ਸਾਡੇ'ਤੇ ਇਲਜ਼ਾਮ ਹੈ ਕਿ ਅਸੀਂ ਕੁਰਆਨ ਸ਼ਰੀਫ਼'ਚ ਤਬਦੀਲੀਆਂ ਕਰਦੇ ਹਨ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜਦੋਂ ਤਕੱ ਮੁਸਲਮਾਨ ਕੁਰਆਨ ਸ਼ਰੀਫ਼ ਦੇ ਸੰਪੂਰਨ ਪੈਰੋ ਅਤੇ ਪਾਬੰਦ ਨਹੀਂ ਬਣਦੇ। ਉਹ ਕਿਸੇ ਕਿਸਮ ਦੀ ਤਰੱਕੀ ਨਹੀ ਕਰ ਸਕਦੇ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਖ਼ਜ਼ਾਨੀਆਂ ਦੀ ਥੈਲ੍ਹੀ ਹੈ ਅਤੇ ਲੋਕ ਉਸ ਤੋਂ ਬੇਖ਼ਬਰ ਹਨ। ਅਫ਼ਸੋਸ ਹੈ ਕਿ ਲੋਕ ਜੋਸ਼ ਅਤੇ ਸਰਗਰਮੀ ਨਾਲ ਕੁਰਆਨ ਸ਼ਰੀਫ਼ ਵਲੱ੍ ਧਿਆਨ ਨਹੀਂ ਕਰਦੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼ ਦਲੀਲਾਂ ਨਾਲ ਰਖੱਦਾ ਹੈ। ਕੋਈ ਗਲੱ ਅਜੀਹੀ ਬਿਆਨ ਨਹੀ ਕਰਦਾ । ਜਿਸ ਨਾਲ ਉਸ ਨੇ ਮਜ਼ਬੁਤ ਦਲੀਲ ਨ ਦਿੱਤੀ ਹੋਵੇ। ਜਿਵੇਂ ਕੁਰਆਨ ਸ਼ਰੀਫ਼ ਦਾ ਮੌਕੇ ਅਨੁਸਾਰੀ ਹੋਣਾ ਆਪਣੇ ਅੰਦਰ ਇਕੱ ਖਿਚੱ ਰਖੱਦਾ ਹੈ। ਜਿਵੇਂ ਉਸ ਦੀ ਸਿਖਿੱਆ'ਚ ਅਕਲੀ ਦਲੀਲਾਂ ਅਤੇ ਖਿਚੱ ਹੈ। ਉਵੇਂ ਹੀ ਉਸ ਦੀਆਂ ਦਲੀਲਾਂ ਪ੍ਰਭਾਵ ਪਾਉਣ ਵਾਲੀਆਂ ਹਨ । ਸੋ ਕੋਈ ਹੋਰ ਕਿਤਾਬ ਕੁਰਆਨ ਸ਼ਰੀਫ਼ ਦਾ ਮੁਕਾਬਲਾ ਨਹੀ ਕਰ ਸਕਦੀ । ਜਦੋਂ ਕੁਰਆਨ ਸ਼ਰੀਫ਼ ਪੜ੍ਹੋ ਅਤੇ ਕੋਈ ਗਲੱ ਕੁਰਆਨ ਸ਼ਰੀਫ਼'ਚ ਵੇਖੋ। ਤਾਂ ਉੱਥੇ ਹੀ ਉਸ ਦੀ ਦਲੀਲ ਵੀ ਤਲਾਸ਼ ਕਰੋ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਤਾਂ ਕੁਰਆਨ ਸ਼ਰੀਫ਼ ਪੈਸ਼ ਕਰਦੇ ਹਾਂ । ਜਿਸ ਨਾਲ ਜਾਦੂ ਭਜੱਦਾ ਹੈ। ਇਸ ਦੇ ਮੁਕਾਬਲੇ'ਤੇ ਕੋਈ ਝੂੱਠ ਅਤੇ ਜਾਦੂ ਨਹੀਂ ਠਹਿਰ ਸਕਦਾ । ਕੁਰਆਨ ਸ਼ਰੀਫ਼ ਉਹ ਵਡੱਮੁਲ੍ਹਾ ਹਰਬਾ ਹੈ। ਜਿਸ ਦੇ ਮੁਕਾਬਲੇ'ਤੇ ਕਿਸੇ ਝੂੱਠ ਨੂੰ ਕਾਯਮ ਰਹਿਣ ਦੀ ਹਿੰਮਤ ਹੀ ਨਹੀਂ ਹੋ ਸਕਦੀ । ਇਹ ਆਕਾਸ਼ੀ ਹਥਿਆਰ ਹੈ। ਜੋ ਕਦੇ ਕੁੰਦ ਨਹੀ ਪੈ ਸਕਦਾ । ਸੋ ਸਾਨੂੰ ਕੁਰਆਨ ਸ਼ਰੀਫ਼'ਤੇ ਵਧੱ ਧਿਆਨ ਦੇਣ ਦੀ ਲੋੜ੍ਹ ਹੈ। ਤਾਂ ਕਿ ਅਸੀਂ ਆਪਣੀ ਰੂਹਾਨੀ ਅਤੇ ਇਲਮੀ ਹਾਲਤ ਵੀ ਚੰਗੀ ਕਰ ਸਕਣ ਅਤੇ ਵਿਰੋਧੀਆਂ ਦਾ ਰਦੱ ਵੀ ਕਰ ਸਕਣ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਸਤਿਕਾਰਯੋਗ ਕਿਤਾਬ ਹੈ। ਜਿਸ ਨੇ ਕੌਮਾਂ'ਚ ਸੁਲਾਹ ਦੀ ਨੀਂਹ ਪਾਈ ਅਤੇ ਹਰ ਇਕੱ ਕੌਮ ਦੇ ਨਬੀ ਨੂੰ ਮੰਨ ਲਿਆ । ਸਾਰੇ ਸੰਸਾਰ'ਚ ਇਹ ਮਾਣ ਖ਼ਾਸ ਕੁਰਆਨ ਸ਼ਰੀਫ਼ ਨੂੰ ਪ੍ਰਾਪਤ ਹੈ। ਜਿਸ ਨੇ ਇਹ ਸਿਖਿੱਆ ਦਿੱਤੀ ਕਿ ਮੁਸਲਮਾਨੋਂ ! ਇਹ ਕਹੋ ਕਿ ਅਸੀਂ ਸੰਸਾਰ ਦੇ ਸਾਰੇ ਨਬੀਆਂ'ਤੇ ਇਮਾਨ ਲੈ ਆਉਂਦੇ ਹਨ ਅਤੇ ਉਨ੍ਹਾਂ'ਚ ਅੰਤਰ ਨਹੀਂ ਕਰਦੇ ਕਿ ਕੁਝੱ ਨੂੰ ਮੰਨਣ ਅਤੇ ਕੁਝੱ ਨੂੰ ਰਦੱ ਕਰਣ। ਆਪ ਅਲੈਹਿ ਸਲਾਮ ਨੇ ਚੈਲੰਜ ਫ਼ਰਮਾਇਆ ਕਿ ਜੇਕਰ ਅਜੀਹੀ ਸੁਲਾਹ ਕਰਨ ਵਾਲੀ ਕੋਈ ਹੋਰ ਕਿਤਾਬ ਹੈ। ਤਾਂ ਉਸ ਦਾ ਨਾਂ ਦੱਸੋ। ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਇਕੱ ਅਜੀਹੀ ਕਿਤਾਬ ਹੈ। ਜਿਸ ਦੀ ਪੈਰਵੀ ਨਾਲ ਇਸੇ ਸੰਸਾਰ'ਚ ਮੁਕਤੀ ਦੇ ਨਿਸ਼ਾਨ ਪ੍ਰਕਟ ਹੋ ਜਾਂਦੇ ਹਨ। ਉਸ ਦਾ ਬਿਆਨ ਅਜੀਹੇ ਗੁਣਾਂ ਅਤੇ ਦਲੀਲਾਂ ਦਾ ਇਕੱਠ ਹੈ ਕਿ ਜਿੰਨ੍ਹੀਆਂ ਵੀ ਅਜੀਹੀਆਂ ਸ਼ੰਕਾਵਾਂ ਸੰਸਾਰ'ਚ ਪਾਈਆਂ ਜਾਂਦੀਆਂ ਹਨ ਕਿ ਜੋ ਰਬੱ ਤਕੱ ਪਹੁੰਚਣ ਤੋਂ ਰੋਕਦੀਆਂ ਹਨ। ਉਨ੍ਹਾਂ ਸਭ ਦਾ ਰਦੱ ਅਕਲੀ ਤੌਰ'ਤੇ ਉਸ'ਚ ਮੌਜੂਦ ਹੈ। ਕੁਰਆਨ ਸ਼ਰੀਫ਼ ਯਕੀਨੀ ਕਲਾਮ ਹੈ। ਜੋ ਸ਼ਕੱ ਅਤੇ ਖਿਆਲ ਦੀ ਮੈਲ੍ਹਾਂ ਤੋਂ ਪਾਕ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਰਬੱ ਨੇ ਪਹਿਲਾਂ ਹਰ ਇਕੱ ਉਮੱਤ ਨੂੰ ਵਖੱ ਵਖੱ ਸ਼ਰੀਅਤਾਂ ਦਿੱਤੀਆਂ ਅਤੇ ਫ਼ਿਰ ਚਾਹਿਆ ਕਿ ਜਿਵੇਂ ਕਿ ਰਬੱ ਇਕੱ ਹੈ। ਉਹ ਵੀ ਇਕੱ ਹੋ ਜਾਣ। ਤਦੱ ਸਭ ਨੂੰ ਜਮ੍ਹਾਂ ਕਰਨ ਲਈ ਕੁਰਆਨ ਸ਼ਰੀਫ਼ ਨੂੰ ਭੇਜਿਆ । ਕੁਰਆਨ ਸ਼ਰੀਫ਼ ਨੇ ਪੁਰਾਣੀਆਂ ਕਿਤਾਬਾਂ ਅਤੇ ਨਬੀਆਂ'ਤੇ ਮਿਹਰ ਕੀਤੀ ਕਿ ਉਨ੍ਹਾ ਦੀਆਂ ਸਿਖਿੱਆਵਾਂ ਨੂੰ ਜੋ ਕਿੱਸਿਆਂ ਦੇ ਰੰਗ'ਚ ਸੀ। ਇਲਮੀ ਰੰਗ ਦੇ ਦਿੱਤਾ ਹੈ। ਕੋਈ ਇਨ੍ਹਾਂ ਕਿਸਿੱਆਂ ਤੋਂ ਮੁਕਤੀ ਨਹੀਂ ਪਾ ਸਕਦਾ । ਜਦੋਂ ਤਕੱ ਉਹ ਕੁਰਆਨ ਸ਼ਰੀਫ਼ ਨੂੰ ਨ ਪੜ੍ਹੇ। ਜੋ ਲੋਕ ਕੁਰਆਨ ਸ਼ਰੀਫ਼ ਨੂੰ ਪੜ੍ਹਦੇ ਅਤੇ ਉਸ ਨੂੰ ਕਿੱਸੇ ਸਮਝਦੇ ਹਨ। ਉਨ੍ਹਾਂ ਨੇ ਉਸ ਦੀ ਬੇਇਜ਼ੱਤੀ ਕੀਤੀ ਹੈ। ਸਾਡੇ ਵਿਰੋਧੀ ਸਾਡੀ ਵਿਰੋਧਤਾ'ਚ ਇਸ ਲਈ ਤੈਜ਼ ਹਨ ਕਿ ਅਸੀਂ ਸੰਸਾਰ ਨੂੰ ਵਿਖਾਉਣਾ ਚਾਹੁੰਣੇ ਹਾਂ ਕਿ ਕੁਰਆਨ ਸ਼ਰੀਫ਼ ਸੰਪੂਰਨ ਨੂਰ, ਹਿਕਮਤ ਅਤੇ ਮੁਆਰਫ਼ਤ ਹੈ। ਰਬੱ ਨੇ

ਆਪਣੀ ਮਿਹਰ ਨਾਲ ਖੋਲ੍ਹ'ਤਾ ਹੈ ਕਿ ਕੁਰਆਨ ਸ਼ਰੀਫ਼ ਇਕੱ ਜ਼ਿੰਦਾ ਅਤੇ ਰੌਸ਼ਨ ਕਿਤਾਬ ਹੈ। ਇਸ ਲਈ ਅਸੀਂ ਉਨ੍ਹਾਂ ਦੇ ਵਿਰੋਧ ਦੀ ਕਿਉਂ ਚਿੰਤਾ ਕਰੀਏ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼'ਚ ਅਜੀਹੇ ਵਡੱਮੁਲ੍ਹੇ ਗਿਆਨ ਹਨ। ਜੋ ਤੌਰਾਤ ਅਤੇ ਇੰਜੀਲ'ਚ ਤਲਾਸ਼ ਕਰਨਾ ਬੇਅਰਥ ਹਨ। ਸੋ ਇਸ ਦੇ ਅਰਥਾਂ'ਤੇ ਧਿਆਨ ਦੇਣ ਦੀ ਹਰ ਇਕੱ ਨੂੰ ਆਦਤ ਪਾਉਣੀ ਚਾਹੀਦੀ ਹੈ। ਤਾਂ ਕਿ ਰਬੱ ਦੇ ਕਲਾਮ ਦੀ ਖ਼ੂਬਸੂਰਤੀ ਦਾ ਸਾਨੂੰ ਪਤਾ ਲੱਗੇ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕੁਰਆਨ ਸ਼ਰੀਫ਼'ਚ ਸ਼ੁਰੂ ਤੋਂ ਅੰਤ ਤਕੱ ਕਰ ਨ-ਕਰ ਦੀ ਵਿਆਖਿਆ ਮੌਜੂਦ ਹੈ। ਪਾਠ ਕਰਦੇ ਹੋਏ ਉਨ੍ਹਾ ਨੂੰ ਤਲਾਸ਼ ਕਰਨ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਤਦੱ ਹੀ ਅਸੀਂ ਰਬੱ ਦੇ ਕਲਾਮ ਤੋਂ ਹਕੀਕੀ ਫ਼ੈਜ਼ ਪਾ ਸਕਦੇ ਹਾਂ। ਕੁਰਆਨ ਸ਼ਰੀਫ਼'ਚ ਸਭ ਕੁੱਝ ਹੈ। ਪਰ ਜਦੋਂ ਤਕੱ ਰੱਬੀ ਅਖੱ ਨ ਹੋਵੇ। ਕੁਝੱ ਪ੍ਰਾਪਤ ਨਹੀਂ ਹੋ ਸਕਦਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਗਿਆਨ ਦਾ ਖ਼ਜ਼ਾਨਾ ਹੈ। ਸੰਸਾਰ ਦੀ ਬਰਕਤਾਂ ਵੀ ਇਸੇ ਨਾਲ ਆਉਂਦੀਆਂ ਹਨ। ਰਬੱ ਨੇ ਇਸੇ ਲਈ ਨਬੀਆਂ ਨੂੰ ਭੇਜਿਆ ਅਤੇ ਆਪਣੀ ਅੰਤਿਮ ਕਿਤਾਬ ਭੇਜੀ ਕਿ ਸੰਸਾਰ ਇਸ ਦੇ ਪ੍ਰਭਾਵਾਂ ਤੋਂ ਜਾਣੂ ਹੋ ਕੇ ਬਚ ਜਾਵੇ। ਸੋ ਹਰ ਅਹਮਦੀ ਦਾ ਇਹ ਵੀ ਕੰਮ ਹੇ ਕਿ ਜਿੱਥੇ ਉਹ ਕੁਰਆਨ ਸ਼ਰੀਫ਼ ਦੀ ਸਿਖਿੱਆ ਦੇ ਅਨੁਸਾਰ ਆਪਣੀ ਹਾਲਤ ਬਣਾਉਣ ਦੀ ਕੋਸ਼ਿਸ਼ ਕਰਨ। ਉੱਥੇ ਸੰਸਾਰ ਨੂੰ ਵੀ ਉਸ ਸਿਖਿੱਆ ਤੋਂ ਜਾਣੂ ਕਰਾਉਣ ਅਤੇ ਰੂਹਾਨੀ ਤੇ ਸੰਸਾਰਿਕ ਤਬਾਹੀ ਤੋਂ ਉਨ੍ਹਾਂ ਨੂੰ ਬਚਾਉਣ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਖ਼ਾਤਮੁਨ ਨਬੀਯੀਨ ਹਨ ਅਤੇ ਕੁਰਆਨ ਸ਼ਰੀਫ਼ ਖ਼ਾਤਮੁਲੱ ਕੁਤੁਬ। ਜੋ ਕੁਝੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਕਰਕੇ ਵਿਖਾਇਆ ਅਤੇ ਜੋ ਕੁਝੱ ਕੁਰਆਨ ਸ਼ਰੀਫ਼ ਨੇ ਸਿਖਿੱਆ ਦਿੱਤੀ। ਉਸ ਨੂੰ ਛਡੱ ਕੇ ਮੁਕਤੀ ਨਹੀਂ ਪ੍ਰਾਪਤ ਹੋ ਸਕਦੀ। ਇਹ ਸਾਡਾ ਧਰਮ ਅਤੇ ਵਿਸ਼ਵਾਸ ਹੈ। ਕਾਸ਼ ਇਹ ਗਲੱ ਆਮ ਮੁਸਲਮਾਨਾਂ ਨੂੰ ਵੀ ਸਮਝ ਆ ਜਾਵੇ ਅਤੇ ਉਹ ਵੀ ਜ਼ਮਾਨੇ ਦੇ ਇਮਾਮ ਨੂੰ ਪਹਿਚਾਣ ਲੈਣ।

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਪਾਕਿਸਤਾਨ, ਬਰਕੀਨਾ ਫ਼ਾਸੋ ਅਤੇ ਬੰਗਲਾਦੇਸ਼ ਦੇ ਅਹਮਦੀਆਂ ਲਈ ਦੁਆ ਦੀ ਤਹਰੀਕ ਕੀਤੀ। ਪਾਕਿਸਤਾਨ ਦੇ ਅਹਮਦੀਆਂ ਲਈ ਅਤੇ ਦੇਸ਼ ਦੇ ਆਮ ਹਾਲਾਤਾਂ ਲਈ ਦੁਆ ਕਰੋ। ਬਰਕੀਨਾ ਫ਼ਾਸੋ'ਚ ਅਹਮਦੀਆਂ ਲਈ ਅਤੇ ਦੇਸ਼ ਦੇ ਆਮ ਹਾਲਾਤਾਂ ਲਈ ਦੁਆ ਕਰੋ। ਬੰਗਲਾਦੇਸ਼ ਦੇ ਅਹਮਦੀਆਂ ਲਈ ਦੁਆ ਕਰੋ। ਰਬੱ ਉਨ੍ਹਾਂ ਨੂੰ ਵੀ ਬਚਾਵੇ। ਸੰਸਾਰ ਦੇ ਹਰ ਦੇਸ਼'ਚ ਜਿੱਥੇ ਜਿੱਥੇ ਅਹਮਦੀ ਹਨ। ਉਨ੍ਹਾਂ ਲਈ ਦੁਆ ਕਰੋ। ਹਜ਼ੂਰੇ ਅਨਵਰ ਨੇ ਰਮਜ਼ਾਨ ਦੇ ਹਵਾਲੇ ਨਾਲ ਦੁਆ ਵਲੱ ਖ਼ਾਸ ਧਿਆਨ ਦਿੰਦੇ ਫ਼ਰਮਇਆ :

ਰਮਜ਼ਾਨ ਵੀ ਹੁਣ ਸ਼ੁਰੂ ਹੋ ਰਿਹਾ ਹੈ। ਜਿਵੇਂ ਕਿ ਮੈਂ ਨੇ ਕਿਹਾ ਸੀ। ਇਸ'ਚ ਖ਼ਾਸ ਤੌਰ'ਤੇ ਕੁਰਆਨ ਸ਼ਰੀਫ਼ ਨੂੰ ਪੜ੍ਹਣ ਅਤੇ ਸਮਝਣ ਵੱਲ੍ਹ ਧਿਆਨ ਦੇਣ। ਉੱਥੇ ਦੁਆਵਾਂ ਵੱਲ੍ਹ ਵੀ ਖ਼ਾਸ ਧਿਆਨ ਦੇਣ। ਰਬੱ ਸਾਨੂੰ ਸਾਰੀਆਂ ਨੂੰ ਇਸ ਦੀ ਤੌਫ਼ੀਕ ਵੀ ਬਖ਼ਸ਼ੇ ਅਤੇ ਰਮਜ਼ਾਨ ਦੀਆਂ ਮਿਹਰਾਂ ਨਾਲ ਨਿਹਾਲ ਹੋਣ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ
ذِی الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔